بِسْمِ اللّٰہِ الرَّحْمٰنِ الرَّحِیْم     نَحْمَدُهٗ وَنُصَلِّیْ عَلٰی رَسُوْلِهِ الْكَرِیْم     وَعَلٰی عَبْدِهِ الْمَسِیْحِ الْمَوْعُوْد
لَا اِلٰهَ اِلَّا اللّٰهُ مُحَمَّدٌ رَّسُوْلُ اللّٰه
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੇ ਬਦਰ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਜੀਵਨੀ ਦਾ ਜ਼ਿਕਰ**
- **ਮਿਡਲ ਈਸਟ ਵਿਚੱ ਜੰਗੀ ਹਾਲਾਤ, ਖ਼ਾਸ ਦੁਆਵਾਂ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 13 ਅਕਤੂਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ اَلرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

**ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :**

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਜੀਵਨ ਦੇ ਕੁਝੱ ਕਿੱਸਿਆਂ, ਜੋ ਬਦਰ ਦੇ ਮੌਕੇ ਉੱਤੇ ਜਾਂ ਬਦਰ ਤੋਂ ਵਾਪਸੀ ਉੱਤੇ ਪੈਸ਼ ਆਏ, ਉਹਨਾਂ ਦਾ ਜ਼ਿਕਰ ਹੋ ਰਿਹਾ ਸੀ। ਇਹਨਾਂ ਕਿਸੱਿਆਂ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨਾਲ ਵਿਆਹ ਦਾ ਵੀ ਜ਼ਿਕਰ ਹੈ। ਇਸ ਲਈ ਇੱਥੇ ਉਸ ਦਾ ਵੀ ਜ਼ਿਕਰ ਕਰਾਂਗਾ।

ਹਜ਼ਰਤ ਖ਼ਦੀਜਾ ਰਜ਼ੀ ਅੱਲਾਹ ਅੰਨਹਾ ਦੇ ਆਕਾਲ ਚਲਾਣੇ ਮਗਰੋਂ ਇਕੱ ਦਿਨ ਹਜ਼ਰਤ ਉਸਮਾਨ ਬਿਨ ਮਜ਼ਊਨ ਰਜ਼ੀ ਅੱਲਾਹ ਅੰਨਹੋ ਦੀ ਪਤਨੀ ਖ਼ੋਲਾ ਬਿਨਤੇ ਹਕੀਮ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸੇਵਾ ਵਿਚੱ ਹਾਜ਼ਿਰ ਹੋ ਕੇ ਕਿਹਾ ਕਿ ਹੇ ਰਬੱ ਦੇ ਰਸੂਲ ! ਕੀ ਆਪ ਜੀ ਨੇ ਸ਼ਾਦੀ ਨਹੀਂ ਕਰਨੀ ? ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ : ਕਿਸ ਨਾਲ ? ਖ਼ੋਲਾ ਨੇ ਕਿਹਾ ਕਿ ਜੇਕਰ ਆਪ ਪਸੰਦ ਕਰਨ ਤਾਂ ਕੁੰਵਾਰੀ ਵੀ ਮੌਜੂਦ ਹੈ ਅਤੇ ਵਿਧਵਾ ਵੀ। ਆਪ ਸਲੱਲਾਹੋ ਅਲੈਹਿ ਵਸਲੱਮ ਦੇ ਪੁਛੱਣ ਉੱਤੇ ਖ਼ੋਲਾ ਨੇ ਦਸਿੱਆ ਕਿ ਕੁੰਵਾਰੀ ਤਾਂ ਆਇਸ਼ਾ ਬਿਨਤੇ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਹਨ। ਜਦੋਂ ਕਿ ਵਿਧਵਾ ਸੋਦਾ ਬਿਨਤੇ ਜ਼ਮਆ ਹਨ। ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਜਾਓ ਅਤੇ ਉਹਨਾਂ ਦੇ ਘਰਦਿਆਂ ਨਾਲ ਮੇਰੀ ਗਲੱ ਕਰੋ। ਹਜ਼ਰਤ ਖ਼ੋਲਾ ਰਜ਼ੀ ਅੱਲਾਹ ਅੰਨਹਾ ਨੇ ਪਹਿਲਾਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਘਰ ਰਿਸ਼ਤੇ ਬਾਰੇ ਗਲੱ ਕੀਤੀ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਮੰਨ ਜਾਣ ਮਗਰੋਂ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨਾਲ ਨਿਕਾਹ ਕੀਤਾ। ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੀ ਰਵਾਯਤ ਹੈ ਕਿ ਸ਼ਾਦੀ ਦੇ ਬਾਦ ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਉਹਨਾਂ ਨੂੰ ਫ਼ਰਮਾਇਆ ਕਿ ਇਸ ਤੋਂ ਪਹਿਲਾਂ ਕਿ ਮੈਂ ਤੇਰੇ ਨਾਲ ਨਿਕਾਹ ਕਰਦਾ। ਤੂੰ ਦੋ ਵਾਰ ਮੈਨੂੰ ਦ੍ਰਿਵ ਦ੍ਰਿਸ਼ ਵਿਚੱ ਵਿਖਾਈ ਗਈ।

ਜਦੋਂ ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੀ ਸ਼ਾਦੀ ਹੋਈ ਤਾਂ ਆਪ ਦੀ ਛੋਟੀ ਉਮਰ ਬਾਰੇ ਮੁਨਾਫ਼ਿਕਾਂ ਅਤੇ ਸ਼ਰਾਰਤ ਕਰਨ ਵਾਲਿਆਂ ਨੇ ਕੋਈ ਆਰੋਪ ਨ ਲਾਇਆ। ਜੇਕਰ ਆਪ ਦੀ ਉਮਰ ਦੇ ਸੰਬੰਧੀ ਕੋਈ ਅਜਿਹੀ ਗਲੱ ਹੁੰਦੀ ਤਾਂ ਇਹ ਲੋਕ ਜ਼ਰੂਰ ਆਰੋਪਾਂ ਦੀ ਬਾਰਸ਼ ਕਰਦੇ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਆਇਸ਼ਾ ਦਾ ਨੌ ਸਾਲ ਦਾ ਹੋਣਾ ਤਾਂ ਕੇਵਲ ਵਿਅਰਥ ਗੱਲ੍ਹਾਂ ਹਨ।

ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ, ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਦੀਆਂ ਖ਼ੂਬੀਆਂ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਛੋਟੀ ਉਮਰ ਦੇ ਬਾਦ ਵੀ ਹਜ਼ਰਤ ਆਇਸ਼ਾ ਦਾ ਦਿਮਾਗ਼ ਅਤੇ ਯਾਦਦਾਸ਼ਤ ਬਹੁਤ ਗ਼ਜਬ ਦੀ ਸੀ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸਿਖਿੱਆ ਅਤੇ ਸਿਖੱਲਾਈ ਦੇ ਹੇਠਾਂ ਉਹਨਾਂ ਨੇ ਬਹੁਤ ਤੇਜ਼ੀ ਨਾਲ ਬਹੁਤ ਜਲਦੀ ਤਰੱਕੀ ਕੀਤੀ ਅਤੇ ਅਸਲ ਵਿਚੱ ਇਸ ਛੋਟੀ ਉਮਰ ਵਿਚੱ ਉਹਨਾਂ ਨੂੰ ਆਪਣੇ ਘਰ ਵਿਚੱ ਲੈ ਆਉਣ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਇੱਛਾ ਇਹੀ ਸੀ ਕਿ ਉਹਨਾਂ ਦੀ ਸਿਖੱਲਾਈ ਕਰ ਸਕਣ ਅਤੇ ਤਾਂ ਉਹਨਾਂ ਨੂੰ ਆਪ ਸਲੱਲਾਹੋ ਅਲੈਹਿ ਵਸਲੱਮ ਦੀ ਸੰਗਤ ਵਿਚੱ ਰਹਿਣ ਦਾ ਲੰਮਾ ਮੌਕਾ ਮਿਲ ਸਕੇ ਅਤੇ ਆਪ ਉਸ ਨਾਜ਼ੁਕ ਅਤੇ ਸ਼ਾਨਦਾਰ ਕੰਮ ਦੇ ਯੋਗ ਬਣਾਈ ਜਾ ਸਕਣ ਜੋ ਨਬੀ ਦੀ ਪਤਨੀ ਉੱਤੇ ਲਾਜ਼ਮ ਆਉਂਦਾ ਹੈ। ਸੋ, ਹਜ਼ਰਤ ਆਇਸ਼ਾ ਰਜ਼ੀ ਅੱਲਾਹ ਅੰਨਹਾ ਨੇ ਮੁਸਲਮਾਨ ਔਰਤਾਂ ਦੀ ਸਿਖਿੱਆ ਅਤੇ ਸਿਖੱਲਾਈ ਦਾ ਉਹ ਕੰਮ ਨੇਪਰੇ ਚਾੜ੍ਹਿਆ। ਜਿਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚੱ ਨਹੀਂ ਮਿਲ ਸਕਦੀ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀਆਂ ਹਦੀਸਾਂ ਦਾ ਇਕੱ ਬਹੁਤ ਵੱਡਾ ਅਤੇ ਜ਼ਰੂਰੀ ਭਾਗ ਆਪ ਰਜ਼ੀ ਅੱਲਾਹ ਅੰਨਹਾ ਦੀ ਰਵਾਯਤਾਂ ਉੱਤੇ ਆਧਾਰਿਤ ਹੈ। ਆਪ ਰਜ਼ੀ ਅੱਲਾਹ ਅੰਨਹਾ ਤੋਂ ਮਿਲਣ ਵਾਲਿਆਂ ਰਵਾਯਤਾਂ ਦੀ ਗਿਣਤੀ ਦੋ ਹਜ਼ਾਰ ਦੋ ਸੌ ਦਸੱ ਤਕੱ ਪਹੁੰਚਦੀ ਹੈ। ਆਪ ਰਜ਼ੀ ਅੱਲਾਹ ਅੰਨਹਾ ਦੇ ਅਧਿਆਤਮਿਕ ਗਿਆਨ ਦਾ ਇਹ ਹਾਲ ਸੀ ਕਿ ਵੱਡੇ ਵੱਡੇ ਸਹਾਬੀ ਵੀ ਇਸ ਸਿਲਸਿਲੇ ਵਿਚੱ ਆਪ ਨੂੰ ਪੁਛੱਦੇ ਸਨ

ਆਪ ਸਲੱਲਾਹੋ ਅਲੈਹਿ ਵਸਲੱਮ ਨੇ ਇਕੱ ਮੌਕੇ ਉੱਤੇ ਫ਼ਰਮਾਇਆ ਕਿ ਔਰਤਾਂ ਵਿਚੱ ਸੰਪੂਰਨ ਔਰਤਾਂ ਬਹੁਤ ਘਟੱ ਹੋਇਆ ਹਨ। ਫ਼ਿਰ ਆਪ ਨੇ ਆਸਿਆ ਪਤਨੀ ਫ਼ਿਰਓਨ ਅਤੇ ਮਰੀਯਮ ਪੁਤਰੀ ਇਮਰਾਨ ਦਾ ਜ਼ਿਕਰ ਕੀਤਾ ਅਤੇ ਫ਼ਰਮਾਇਆ ਕਿ ਆਇਸ਼ਾ ਨੂੰ ਔਰਤਾਂ ਉੱਤੇ ਉਹੀ ਮਾਣ ਪ੍ਰਾਪਤ ਹੈ। ਜੋ ਸਰੀਦ ਨੂੰ ਅਰਬ ਦੇ ਹੋਰ ਖਾਣਿਆਂ ਉੱਤੇ ਪ੍ਰਾਪਤ ਹੈ। ਹਜ਼ਰਤ ਆਇਸ਼ਾ, ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਕਾਲ ਚਲਾਣੇ ਮਗਰੋਂ ਘੱਟੋ ਘਟੱ 48 ਸਾਲ ਜ਼ਿੰਦਾ ਰਹੀਂ ਅਤੇ 58 ਹਿਜਰੀ ਵਿਚੱ ਰਮਜ਼ਾਨ ਦੇ ਮਹੀਨੇ ਵਿਚੱ ਆਪਣੇ ਪਿਆਰੇ ਨੂੰ ਜਾ ਮਿਲੀ। ਉਸ ਸਮੇਂ ਆਪ ਦੀ ਉਮਰ 68 ਸਾਲ ਸੀ।

ਬਦਰ ਦੇ ਕੈਦੀਆਂ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਬੇਟੀ ਹਜ਼ਰਤ ਜ਼ੈਨਬ ਰਜ਼ੀ ਅੱਲਾਹ ਅੰਨਹਾ ਦੇ ਪਤੀ ਅਬੁਲੱ ਆਸ ਬਿਨ ਰਬੀਅ ਵੀ ਸ਼ਾਮਿਲ ਸਨ। ਉਹਨਾਂ ਨੂੰ ਆਜ਼ਾਦ ਕਰਵਾਉਣ ਲਈ ਹਜ਼ਰਤ ਜ਼ੈਨਬ ਰਜ਼ੀ ਅੱਲਾਹ ਅੰਨਹਾ ਨੇ ਮੱਕੇ ਤੋਂ ਆਪਣਾ ਉਹ ਹਾਰ ਭੇਜਿਆ। ਜੋ ਉਹਨਾਂ ਦੇ ਵਿਆਹ ਉੱਤੇ ਉਹਨਾਂ ਦੀ ਮਾਤਾ ਹਜ਼ਰਤ ਖ਼ਦੀਜਾ ਰਜ਼ੀ ਅੱਲਾਹ ਅੰਨਹਾ ਨੇ ਉਹਨਾਂ ਨੂੰ ਦਿੱਤਾ ਸੀ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਮੁੜ੍ਹ ਵੇਖਿਆ ਤਾਂ ਬਹੁਤ ਉਦਾਸ ਹੋਏ ਅਤੇ ਸਾਥੀਆਂ ਨੂੰ ਫ਼ਰਮਾਇਆ : ਜੇਕਰ ਤੁਸੀਂ ਠੀਕ ਸਮਝੋ ਤਾਂ ਜ਼ੈਨਬ ਦੇ ਕੈਦੀ ਨੂੰ ਛਡੱ ਦਿਓ ਅਤੇ ਉਸ ਦਾ ਇਹ ਹਾਰ ਵੀ ਮੋੜ੍ਹ ਦਿਓ। ਸਹਾਬਾ ਨੇ ਕਿਹਾ : ਜ਼ਰੂਰ ਹੇ ਅੱਲਾਹ ਦੇ ਰਸੂਲ ! ਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਨੇ ਅਬੁਲੱ ਆਸ ਨੂੰ ਇਸ ਸ਼ਰਤ ਉੱਤੇ ਛਡਿੱਆ ਸੀ ਕਿ ਉਹ ਮੱਕੇ ਜਾਂਦੇ ਹੀ ਆਪਣੀ ਪਤਨੀ ਜ਼ੈਨਬ ਨੂੰ ਮਦੀਨਾ ਆਉਣ ਦੀ ਆਗਿਆ ਦੇਣਗੇ। ਅਬੁਲੱ ਆਸ ਨੇ ਮੱਕੇ ਜਾ ਕੇ ਜ਼ੈਨਬ ਨੂੰ ਜਾਣ ਦੀ ਆਗਿਆ ਦੇ ਦਿੱਤੀ। ਕੁਝੱ ਸਮੇਂ ਬਾਦ ਅਬੁਲੱ ਆਸ ਵੀ ਮਦੀਨਾ ਆ ਗਏ ਅਤੇ ਇੰਝ ਪਤੀ ਅਤੇ ਪਤਨੀ ਮੁੜ੍ਹ ਨਾਲ ਰਹਿਣ ਲੱਗੇ।

ਖ਼ੁਤਬੇ ਦੇ ਦੂਜੇ ਹਿੱਸੇ ਵਿਚੱ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅਜੱ ਕਲ੍ਹੱ ਜੋ ਸੰਸਾਰ ਦੇ ਹਾਲਾਤ ਹਨ। ਉਹਨਾਂ ਬਾਰੇ ਇਸ ਸਮੇਂ ਮੈਂ ਦੁਆ ਲਈ ਵੀ ਕਹਿਣਾ ਚਾਹੁੰਣਾ। ਇਸ ਜੰਗ ਕਰਕੇ ਹੁਣ ਦੋਵੇਂ ਪਾਸਿਆਂ ਦੇ ਲੋਕ, ਔਰਤਾਂ, ਬੱਚੇ ਅਤੇ ਬੁੱਢੇ ਮਰ ਰਹੇ ਹਨ ਜਾਂ ਮਰੇ ਹਨ।

ਇਸਲਾਮ ਤਾਂ ਜੰਗੀ ਹਾਲਾਤ ਵਿਚੱ ਵੀ ਔਰਤਾਂ ਅਤੇ ਬਚਿੱਆਂ ਅਤੇ ਜੰਗ ਵਿਚੱ ਭਾਗ ਨ ਲੈਣ ਵਾਲਿਆਂ ਨੂੰ ਮਾਰਨ ਦੀ ਆਗਿਆ ਨਹੀਂ ਦਿੰਦਾ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਦੀ ਬਹੁਤ ਸਖ਼ਤਾਈ ਨਾਲ ਮਨਾਹੀ ਕੀਤੀ ਹੈ। ਦੁਨੀਆ ਕਹਿ ਰਹੀ ਹੈ ਅਤੇ ਕੁਝੱ ਤਤੱ ਵੀ ਇਸੇ ਕਿਸਮ ਦੇ ਹਨ ਕਿ ਇਸ ਜੰਗ ਵਿਚੱ ਪਹਿਲ ਹਮਾਸ ਨੇ ਕੀਤੀ ਹੈ। ਇਹ ਨ ਵੇਖਦੇ ਹੋਏ ਕਿ ਇਸਰਾਈਲੀ ਫ਼ੌਜ ਪਹਿਲਾਂ ਕਿੰਨੇ ਹੀ ਮਾਸੂਮ ਫ਼ਲਸਤੀਨੀਆਂ ਨੂੰ ਕਤਲ ਕਰ ਚੁੱਕੀ ਹੈ। ਮੁਸਲਮਾਨਾਂ ਨੂੰ ਹਰ ਹਾਲ ਵਿਚੱ ਇਸਲਾਮੀ ਸਿਖਿੱਆ ਅਨੁਸਾਰ ਅਮਲ ਕਰਨਾ ਚਾਹੀਦਾ ਹੈ। ਇਸਰਾਈਲੀ ਫ਼ੌਜ ਨੇ ਜੋ ਕੀਤਾ। ਉਹ ਉਹਨਾਂ ਦਾ ਕਰਮ ਹੈ। ਜੇਕਰ ਕੋਈ ਲੜ੍ਹਾਈ ਹੈ ਤਾਂ ਉਹ ਫ਼ੌਜ ਨਾਲ ਹੋ ਸਕਦੀ ਹੈ। ਪਰ ਔਰਤਾਂ ਅਤੇ ਬਚਿੱਆਂ ਅਤੇ ਮਾਸੂਮਾਂ ਨਾਲ ਨਹੀਂ।

ਇਸ ਹਿਸਾਬ ਨਾਲ ਹਮਾਸ ਨੇ ਜੋ ਕਦਮ ਚੁਕਿੱਆ ਹੈ। ਉਹ ਗ਼ਲਤ ਸੀ। ਉਸ ਦਾ ਨੁਕਸਾਨ ਵਧੱ ਹੋਇਆ ਜੋ ਹਮਾਸ ਨੇ ਕੀਤਾ। ਉਸ ਦਾ ਬਦਲਾ ਹਮਾਸ ਤਕੱ ਸੀਮਿਤ ਰਹਿੰਦਾ ਤਾਂ ਚੰਗਾ ਸੀ। ਪਰ ਜੋ ਹੁਣ ਇਸਰਾਈਲੀ ਸਰਕਾਰ ਕਰ ਰਹੀ ਹੈ। ਉਹ ਬਹੁਤ ਖ਼ਤਰਨਾਕ ਕੰਮ ਹੈ। ਇੰਝ ਲਗੱਦਾ ਹੈ ਕਿ ਇਹ ਸਿਲਸਿਲਾ ਹੁਣ ਰੁਕੱਣਾ ਨਹੀਂ। ਇਸਰਾਈਲੀ ਸਰਕਾਰ ਦਾ ਤਾਂ ਇਹ ਐਲਾਨ ਸੀ ਕਿ ਅਸੀਂ ਗ਼ੱਜ਼ਾ ਨੂੰ ਬਿਲਕੁਲੱ ਮਿਟਾ ਦਿਆਂਗੇ। ਇਸ ਲਈ ਉਹਨਾਂ ਨੇ ਬਹੁਤ ਬੰਬਾਰੀ ਕੀਤੀ ਅਤੇ ਪੂਰੇ ਸ਼ਹਿਰ ਨੂੰ ਰਾਖ ਦਾ ਢੇਰ ਹੀ ਬਣਾ ਦਿੱਤਾ। ਹੁਣ ਨਵੀਂ ਸ਼ਕਲ ਇਹ ਪੈਦਾ ਹੋਈ ਹੈ ਕਿ ਉਹ ਕਹਿੰਦੇ ਹਨ ਕਿ ਇਕੱ ਮਿਲਿਅਨ ਤੋਂ ਵਧੱ ਲੋਕ ਗ਼ੱਜ਼ਾ ਤੋਂ ਨਿਕਲ ਜਾਣ। ਇਹ ਸ਼ੁਕਰ ਹੈ ਕਿ ਕੁਝੱ ਮਰੀ ਮਰੀ ਜਿਹੀ ਹੀ ਸਹੀ ਕੁਝੱ ਤਾਂ ਆਵਾਜ਼ ਯੂ.ਐਨ.ਓ ਦੀ ਨਿਕਲੀ ਹੈ ਕਿ ਇਹ ਮਨੁੱਖੀ ਹੱਕਾਂ ਦੇ ਖ਼ਿਲਾਫ਼ ਹੈ ਅਤੇ ਇਹ ਗ਼ਲਤ ਹੋਵੇਗਾ। ਇਸ ਦੀ ਥਾਂ ਸਖ਼ਤੀ ਨਾਲ ਉਸ ਨੂੰ ਕਹਿਣ ਕਿ ਇਹ ਗ਼ਲਤ ਹੈ। ਬੇਨਤੀ ਹੀ ਕਰ ਰਹੇ ਹਨ ਹਾਲੇ ਵੀ। ਇਹਨਾਂ ਮਾਸੂਮ ਸ਼ਹਿਰੀਆਂ ਦੀ ਜੋ ਜੰਗ ਨਹੀਂ ਕਰ ਰਹੇ। ਕੋਈ ਗ਼ਲਤੀ ਨਹੀਂ। ਜੇਕਰ ਦੁਨੀਆ ਇਸਰਾਈਲੀ ਔਰਤਾਂ ਅਤੇ ਬਚਿੱਆਂ ਨੂੰ ਮਾਸੂਮ ਸਮਝਦੀ ਹੈ ਤਾਂ ਇਹ ਫ਼ਲਸਤੀਨੀ ਔਰਤਾਂ ਅਤੇ ਬੱਚੇ ਵੀ ਮਾਸੂਮ ਹਨ। ਇਹਨਾਂ ਦੀ ਆਪਣੀ ਕਿਤਾਬ ਵੀ ਕਹਿੰਦੀ ਹੈ ਕਿ ਅਜਿਹੀ ਮਾਰ ਧਾੜ੍ਹ ਠੀਕ ਨਹੀਂ। ਮੁਸਲਮਾਨਾਂ ਉੱਤੇ ਆਰੋਪ ਹੈ ਕਿ ਉਹਨਾਂ ਨੇ ਗ਼ਲਤ ਕੀਤਾ ਤਾਂ ਇਹ ਲੋਕ ਸਵੈ ਪੜ੍ਹਚੋਲ ਕਰਨ ਵੀ ਕਰਨ।

ਸਾਨੂੰ ਬਹੁਤ ਦੁਆ ਦੀ ਲੋੜ੍ਹ ਹੈ। ਫ਼ਲਸਤੀਨ ਦੇ ਦੂਤ ਨੇ ਇੱਥੇ ਇਹੀ ਕਿਹਾ ਹੈ ਕਿ ਹਮਾਸ ਇਕੱ ਲੜ੍ਹਾਕੂ ਸਮੂਦਾਏ ਹੈ। ਉਹ ਸਰਕਾਰ ਨਹੀਂ ਹੈ। ਨਾਲ ਹੀ ਉਹਨਾਂ ਨੇ ਇਹ ਪ੍ਰਸ਼ਨ ਚੁਕਿੱਆ ਅਤੇ ਉਹਨਾਂ ਦੀ ਇਹ ਗਲੱ੍ਹ ਠੀਕ ਹੈ ਕਿ ਜੇਕਰ ਹਕੀਕੀ ਇਨਸਾਫ਼ ਕਾਯਮ ਕੀਤਾ ਜਾਵੇ ਤਾਂ ਇਹ ਗੱਲ੍ਹਾਂ ਪੈਦਾ ਹੀ ਨਹੀਂ ਹੁੰਦੀਆਂ। ਜੇਕਰ ਵੱਡੀ ਤਾਕਤਾਂ ਆਪਣੇ ਦੋਹਰੇ ਮਿਆਰ ਨ ਰਖੱਣ ਤਾਂ ਅਜਿਹੀ ਬਦ-ਅਮਨੀ ਅਤੇ ਇਹ ਜੰਗਾਂ ਕਦੇ ਨ ਹੋਣ। ਇਹੀ ਗੱਲ੍ਹਾਂ ਮੈਂ ਇਸਲਾਮੀ ਸਿਖਿੱਆ ਦੀ ਰੋਸ਼ਨੀ ਵਿਚੱ ਇਕੱ ਲੰਮੇ ਸਮੇਂ ਤੋਂ ਕਹਿ ਰਿਹਾ ਹਾਂ। ਪਰ ਸਾਮ੍ਹਣਿਓਂ ਇਹ ਕਹਿੰਦੇ ਹਨ ਕਿ ਠੀਕ ਹੈ ਠੀਕ ਹੈ। ਪਰ ਅਮਲ ਕਰਨ ਨੂੰ ਤਿਆਰ ਨਹੀਂ ਹਨ। ਹੁਣ ਸਾਰਿਆਂ ਵੱਡੀਆਂ ਤਾਕਤਾਂ ਇੰਨਸਾਫ਼ ਨੂੰ ਇਕੱ ਪਾਸੇ ਰਖੱ ਕੇ ਫ਼ਲਸਤੀਨ ਉੱਤੇ ਜ਼ੁਲਮ ਕਰਨ ਲਈ ਜਮਾਂ ਹੋ ਰਹੀਆਂ ਹਨ ਅਤੇ ਹਰ ਪਾਸੇ ਤੋਂ ਫ਼ੌਜਾਂ ਭੇਜਣ ਦੀ ਗੱਲ੍ਹਾਂ ਹੋ ਰਹੀਆਂ ਹਨ। ਮੀਡੀਆ ਵਿਚੱ ਗ਼ਲਤ ਰਿਪੋਰਟਿੰਗ ਹੋ ਰਹੀ ਹੈ। ਇਹ ਲੋਕ ਜਿਸ ਦੀ ਲਾਠੀ ਉਸ ਦੀ ਭੈਂਸ ਦੇ ਅਸੂਲ ਉੱਤੇ ਚਲੱ ਰਹੇ ਹਨ। ਜਿੰਨ੍ਹਾਂ ਦੇ ਹਥੱ ਵਿਚੱ ਸੰਸਾਰ ਦੀ ਆਰਥਿਕਤਾ ਹੈ। ਉਹਨਾਂ ਨੇ ਉਹਨਾਂ ਅੱਗੇ ਹੀ ਝੁਕੱਣਾ ਹੈ। ਜੇਕਰ ਪੜਚੋਲ ਕੀਤੀ ਜਾਵੇ ਤਾਂ ਲਗੱਦਾ ਹੈ ਕਿ ਵੱਡੀ ਤਾਕਤਾਂ ਜੰਗ ਭੜ੍ਹਕਾਉਣ ਵਿਚੱ ਲੱਗੀਆਂ ਹਨ। ਇਹ ਜੰਗ ਖ਼ਤਮ ਕਰਨਾ ਨਹੀਂ ਚਾਹੁੰਦੀਆਂ।

ਪਹਿਲੇ ਵਿਸ਼ਵ ਯੁਧੱ ਦੇ ਬਾਦ ਲੀਗ ਆਫ਼ ਨੈਸ਼ਨ ਬਣਾਈ ਗਈ। ਪਰ ਇੰਨਸਾਫ਼ ਨ ਕਰਨ ਕਰਕੇ ਉਹ ਅਸਫ਼ਲ ਹੋਈ ਅਤੇ ਦੂਜਾ ਵਿਸ਼ਵ ਯੁਧੱ ਹੋਇਆ। ਜਿਸ ਵਿਚੱ ਸਤੱ ਕਰੋੜ੍ਹ ਲੋਕ ਆਪਣੀ ਜਾਨ ਤੋਂ ਗਏ। ਫ਼ਿਰ

ਯੂ.ਐਨ.ਓ ਬਣਾਈ ਗਈ । ਪਰ ਹੁਣ ਉਸ ਦਾ ਵੀ ਉਹੀ ਹਾਲ ਹੋ ਰਿਹਾ ਹੈ ਅਤੇ ਉਹ ਵੀ ਬੁਰੀ ਤਰ੍ਹਾਂ ਅਸਫ਼ਲ ਹੋ ਰਹੀ ਹੈ । ਇਹ ਬਣਾਈ ਤਾਂ ਇਸ ਲਈ ਗਈ ਸੀ ਕਿ ਉਸ ਰਾਹੀਂ ਇੰਨਸਾਫ਼ ਕਾਯਮ ਕੀਤਾ ਜਾਵੇਗਾ ਅਤੇ ਮਜ਼ਲੂਮਾਂ ਨਾਲ ਸਹਿਯੋਗ ਕੀਤਾ ਜਾਵੇਗਾ । ਜੰਗਾਂ ਦੇ ਅੰਤ ਦੀ ਕੋਸ਼ਿਸ਼ ਹੋਵੇਗੀ । ਪਰ ਉਹਨਾਂ ਉਦੇਸ਼ਾਂ ਦਾ ਦੂਰ ਦੂਰ ਤਕੱ ਪਤਾ ਨਹੀਂ ਹੈ । ਹਰ ਕੋਈ ਆਪਣੇ ਲਾਭ ਲਈ ਕੋਸ਼ਿਸ਼ ਕਰ ਰਿਹਾ ਹੈ । ਹੁਣ ਜਦੋਂ ਇਸ ਧੱਕੇ ਕਰਕੇ ਜੰਗ ਹੋਵੇਗੀ ਤਾਂ ਉਸ ਤੋਂ ਹੋਣ ਵਾਲੇ ਨੁਕਸਾਨ ਦਾ ਆਮ ਆਦਮੀ ਅੰਦਾਜ਼ਾ ਹੀ ਨਹੀਂ ਲਾ ਸਕਦਾ ।

ਅਜਿਹੇ ਹਾਲਾਤਾਂ ਵਿਚੱ ਮੁਸਲਮਾਨ ਦੇਸ਼ਾਂ ਨੂੰ ਚਾਹੀਦਾ ਹੈ ਕਿ ਹੋਸ਼ ਨਾਲ ਕੰਮ ਲੈਣ ਅਤੇ ਆਪਣੀ ਵਿਰੋਧਤਾ ਮਿਟਾ ਕੇ ਇਕੱ ਜੁਟੱ ਹੋਣ ਅਤੇ ਇਹੀ ਸੰਸਾਰ ਤੋਂ ਫ਼ਸਾਦ ਦੂਰ ਕਰਨ ਦਾ ਸਾਧਨ ਹੋ ਸਕਦਾ ਹੈ । ਫ਼ਿਰ ਇਕੱ ਹੋ ਕੇ ਅਤੇ ਇੰਨਸਾਫ਼ ਦੇ ਤਕਾਦੇ ਪੂਰੇ ਕਰਨ ਲਈ ਮਜ਼ਲੂਮਾਂ ਦੇ ਹਕੱ ਹਰ ਥਾਂ ਕਾਯਮ ਕਰਨ ਲਈ ਭਰਪੂਰ ਆਵਾਜ਼ਾਂ ਚੁਕੱਣ । ਇਕੱ ਹੋਣਗੇ, ਇਕੱ ਜੁਟੱ ਹੋਣਗੇ ਤਾਂ ਆਵਾਜ਼ ਵਿਚੱ ਵੀ ਤਾਕਤ ਹੋਵੇਗੀ । ਨਹੀਂ ਤਾਂ ਮਾਸੂਮ ਮੁਸਲਮਾਨਾਂ ਦੀ ਜਾਨਾਂ ਦੇ ਨੁਕਸਾਨ ਦੇ ਇਹ ਲੋਕ ਜ਼ਿੰਮੇਦਾਰ ਹੋਣਗੇ । ਮੁਸਲਮਾਨ ਸਰਕਾਰਾਂ ਜ਼ਿੰਮੇਦਾਰ ਹੋਣਗੀਆਂ ।

ਮੁਸਲਮਾਨ ਤਾਕਤਾਂ ਨੂੰ ਚਾਹੀਦਾ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਇਸ ਆਦੇਸ਼ ਨੂੰ ਸਦਾ ਸਾਮ੍ਹਣੇ ਰਖੱਣ ਕਿ ਜ਼ਾਲਮ ਅਤੇ ਮਜ਼ਲੂਮ ਦੋਵਾਂ ਦੀ ਮਦਦ ਕਰੋ । ਰਬੱ ਮੁਸਲਮਾਨ ਸਰਕਾਰਾਂ ਨੂੰ ਅਕਲ ਦੇਵੇ ਅਤੇ ਇਹ ਇਕੱ ਹੋ ਕੇ ਇੰਨਸਾਫ਼ ਕਾਯਮ ਕਰਨ ਵਾਲੇ ਬਣਨ । ਸੰਸਾਰ ਦੀਆਂ ਤਾਕਤਾਂ ਨੂੰ ਵੀ ਅਕਲ ਬਖ਼ਸ਼ੇ ਕਿ ਇਹ ਸੰਸਾਰ ਨੂੰ ਜੰਗ ਵਿਚੱ ਲੈ ਕੇ ਜਾਣ ਦੀ ਥਾਂ ਉਸ ਨੂੰ ਤਬਾਹੀ ਅਤੇ ਬਰਬਾਦੀ ਤੋਂ ਬਚਾਉਣ ਦੀ ਕੋਸ਼ਿਸ਼ ਕਰਨ । ਇਹਨਾਂ ਵਡਿੱਆਂ ਤਾਕਤਾਂ ਨੂੰ ਯਾਦ ਰਖੱਣਾ ਚਾਹੀਦਾ ਹੈ ਕਿ ਜੇਕਰ ਤਬਾਹੀ ਹੋਵੇਗੀ ਤਾਂ ਇਹ ਵੱਡੀ ਤਾਕਤਾਂ ਵੀ ਬਚੱ ਨਹੀਂ ਸਕਣਗੀਆਂ ।

ਸਾਡੇ ਕੋਲ੍ਹ ਤਾਂ ਦੁਆ ਦਾ ਹਥਿਆਰ ਹੈ । ਇਸ ਲਈ ਹਰ ਅਹਮਦੀ ਨੂੰ ਪਹਿਲਾਂ ਨਾਲੋਂ ਵਧੱ ਕੇ ਇਸ ਹਵਾਲੇ ਨਾਲ ਦੁਆ ਕਰਨੀ ਚਾਹੀਦੀ ਹੈ । ਗ਼ੱਜ਼ਾ ਵਿਚੱ ਕੁਝੱ ਅਹਮਦੀ ਘਰਾਣੇ ਵੀ ਘਿਰੇ ਹੋਏ ਹਨ । ਰਬੱ ਉਹਨਾਂ ਨੂੰ ਵੀ ਬਚਾ ਕੇ ਰੱਖੇ ਅਤੇ ਸਭ ਮਾਸੂਮਾਂ ਨੂੰ ਬਚਾਵੇ ।

ਰਬੱ ਹਮਾਸ ਨੂੰ ਵੀ ਅਕਲ ਦੇਵੇ ਅਤੇ ਇਹ ਲੋਕ ਆਪ ਆਪਣੇ ਲੋਕਾਂ ਉੱਤੇ ਜ਼ੁਲਮ ਕਰਨ ਦੇ ਜ਼ਿੰਮੇਦਾਰ ਨ ਹੋਣ । ਕਿਸੇ ਕੌਮ ਦੀ ਦੁਸ਼ਮਨੀ ਇੰਨਸਾਫ਼ ਤੋਂ ਦੂਰ ਕਰਨ ਵਾਲੀ ਨ ਹੋਵੇ । ਇਹੀ ਕੁਰਆਨ ਸ਼ਰੀਫ਼ ਦਾ ਹੁਕਮ ਹੈ । ਰਬੱ ਵੱਡੀ ਤਾਕਤਾਂ ਨੂੰ ਵੀ ਤੌਫ਼ੀਕ ਦੇਵੇ ਕਿ ਅਮਨ ਅਤੇ ਖ਼ੁਸ਼ਹਾਲੀ ਵੇਖਣ ਵਾਲੇ ਹੋਣ । ਆਮੀਨ

ਖ਼ੁਤਬੇ ਦੇ ਅੰਤ ਵਿਚੱ ਹਜ਼ੂਰ ਨੇ ਦੋ ਸਵਰਗਵਾਸੀਆਂ ਸ਼੍ਰੀਮਾਨ ਡਾਕਟਰ ਬਸ਼ੀਰ ਅਹਮਦ ਖ਼ਾਨ ਸਾਹਿਬ ਆਫ਼ ਲੰਦਨ (ਜਨਾਜ਼ਾ ਹਾਜ਼ਰ) ਅਤੇ ਸ਼੍ਰੀਮਤੀ ਵਸੀਮਾ ਬੈਗ਼ਮ ਸਾਹਿਬਾ ਪਤਨੀ ਡਾਕਟਰ ਸ਼ਫ਼ੀਕ ਸਹਗ਼ਲ ਸਾਹਿਬ ਆਫ਼ ਪਾਕਿਸਤਾਨ ਦਾ ਜ਼ਿਕਰ ਫ਼ਰਮਾਉਂਦੇ ਹੋਏ ਨਮਾਜ਼ ਜਨਾਜ਼ਾ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਸਵਰਗਵਾਸਿਆਂ ਦੀ ਬਖ਼ਸ਼ਿਸ਼ ਅਤੇ ਉੱਚੇ ਦਰਜਾਤ ਲਈ ਦੁਆ ਕੀਤੀ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ
یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ
یَسْتَجِبْ لَکُمْ وَلَذِکْرُ اللّٰہِ اَکْبَرُ۔